(1)

# ਡਾਇਰੈਕਟੋਰੇਟ, ਪਸ਼ੂ ਪਾਲਣ ਵਿਭਾਗ, ਪੰਜਾਬ,

ਲਾਈਵਸਟਾਕ ਕੰਪਲੈਕਸ, ਸੈਕਟਰ68, ਸਾਹਿਬਜਾਦਾ ਅਜੀਤ ਸਿੰਘ ਨਗਰ।

(ਅਮਲਾ ਸ਼ਾਖਾ-2)

(ਅਸਲ ਦਸਤਾਵੇਜ ਚੈਕ ਕਰਨ ਸਬੰਧੀ ਜਨਤਕ ਨੋਟਿਸ)

ਪੰਜਾਬ ਸਰਕਾਰ ਪਸ਼ੂ ਪਾਲਣ ਮੱਛੀ ਪਾਲਣ ਤੇ ਡੇਅਰੀ ਵਿਕਾਸ ਵਿਭਾਗ, ਵੱਲੋ ਆਪਣੇ ਪੱਤਰ ਨੰ: 32/1942013-ਪਪ2(6)/6325 ਚੰਡੀਗੜ੍ਹ ਮਿਤੀ 26/10/2021 ਰਾਹੀ ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ, ਦੇ ਪੱਤਰ ਨੰ: 1/78/2018-ਅ1(ਅਸਚੋਬ) /2272 ਮਿਤੀ 4/10/2021 ਦੀ ਕਾਪੀ ਭੇਜਦੇ ਹੋਏ ਲਿਖਿਆ ਹੈ ਕਿ ਇਨ੍ਹਾ ਉਮੀਦਵਾਰਾਂ ਦੀ ਅਸਲ ਦਸਤਾਵੇਜਾਂ ਦੀ ਵੈਰੀਫਿਕੇਸ਼ਨ ਕਰਵਾਉਣਾ ਅਤੇ ਹੋਰ ਲੋੜੀਦੀਆਂ ਰਸਮਾਂ ਪੂਰੀਆਂ ਕੀਤੀਆਂ ਜਾਣ।

1. ਇਸ ਲਈ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਵੈਟਨਰੀ ਇੰਸਪੈਕਟਰਾਂ ਦੀਆਂ ਅਸਾਮੀਆਂ ਲਈ ਅਧੀਨਸੇਵਾਵਾਂ ਚੋਣ ਬੋਰਡ ਪੰਜਾਬ ਵੱਲੋਂ ਪ੍ਰਾਪਤ ਹੋਈ ਸੂਚੀ ਅਨੁਸਾਰ ਯੋਗ ਪਾਏ ਗਏ ਉਮੀਦਵਾਰਾਂ ਨੂੰ ਅਸਲ ਦਸਤਾਵੇਜ ਚੈਕ ਕਰਵਾਉਣ ਲਈ ਨਿਮਨਲਿਖਤ ਮਿਤੀਆਂ ਨੂੰ ਹਾਜਰ ਹੋਣ ਸਬੰਧੀ ਮਿਤੀ 28-10-2021 ਤੋਂ ਮਿਤੀ 02-11-2021 ਤੱਕ ਪਸ਼ੂ ਪਾਲਣ ਵਿਭਾਗ, ਲਾਈਵਸਟਾਕ ਕੰਪਲੈਕਸ, ਸੈਕਟਰ 68, ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਹੇਠ ਲਿਖੇ ਅਨੁਸਾਰ ਬੁਲਾਇਆ ਜਾਂਦਾ ਹੈ:-

1. ਲੜੀ ਨੰ: 1 ਤੋਂ 150 ਤੱਕ(ਉਪਨ ਕੈਟਾਗਰੀ) ਮਿਤੀ 28-10-2021
2. ਲੜੀ ਨੰ: 151ਤੋਂ 300 ਤੱਕ(ਉਪਨ ਕੈਟਾਗਰੀ) ਮਿਤੀ 29-10-2021
3. ਲੜੀ ਨੰ: 301 ਤੋਂ 334 ਤੱਕ(ਉਪਨ ਕੈਟਾਗਰੀ) ਮਿਤੀ 01-11-2021
4. ਲੜੀ ਨੰ: 1 ਤੋਂ 24 ਤੱਕ(ਐਸ.ਸੀ.ਐਮ.ਬੀ.ਕੈਟਾਗਰੀ) ਮਿਤੀ 01-11-2021
5. ਲੜੀ ਨੰ: 1 ਤੋਂ 57 ਤੱਕ(ਐਸ.ਸੀ.ਆਰ. ਓ. ਕੈਟਾਗਰੀ) ਮਿਤੀ 01-11-2021
6. ਲੜੀ ਨੰ: 1 ਤੋਂ 74 ਤੱਕ(ਬੀ.ਸੀ. ਕੈਟਾਗਰੀ) ਮਿਤੀ 01-11-2021
7. ਲੜੀ ਨੰ: 1 ਤੋਂ 07 ਤੱਕ(ਈ.ਐਸ.ਐਮ.(ਡੀ.) ਕੈਟਾਗਰੀ) ਮਿਤੀ 02-11-2021
8. ਲੜੀ ਨੰ: 1 ਤੋਂ 02 ਤੱਕ(ਈ.ਐਸ.ਐਮ.ਐਸ.ਸੀ.ਐਮ.ਬੀ.(ਡੀ) ਕੈਟਾਗਰੀ) ਮਿਤੀ 02-11-2021
9. ਲੜੀ ਨੰ: 1 ਤੋਂ 04 ਤੱਕ(ਈ.ਐਸ.ਐਮ.ਐਸ.ਸੀ.ਆਰ.ਓ.(ਡੀ) ਕੈਟਾਗਰੀ) ਮਿਤੀ 02-11-2021
10. ਲੜੀ ਨੰ: 1 ਤੋਂ 01 ਤੱਕ(ਈ.ਐਸ.ਐਮ.ਬੀ.ਸੀ.(ਡੀ)ਕੈਟਾਗਰੀ) ਮਿਤੀ 02-11-2021
11. ਲੜੀ ਨੰ: 1 ਤੋਂ 06 ਤੱਕ(ਡੀ.ਪੀ.ਐਲ.ਡੀ.ਕੈਟਾਗਰੀ(ਹੈਡੀਕੇਪਟ) ਮਿਤੀ 02-11-2021

2. ਉਮੀਦਵਾਰ ਆਪਣੇ ਅਸਲ ਦਸਤਾਵੇਜਾਂ ਸਮੇਤ ਉਪਰ ਦਰਸਾਏ ਸ਼ਡਿਊਲ ਅਨੁਸਾਰ ਅੰਤਰ ਨਾਲ ਹਾਜ਼ਰ ਹੋਣਾ ਯਕੀਨੀ ਬਣਾਉਣ, ਇਸ ਸੰਬੰਧੀ ਕੋਈ ਹੋਰ ਮੌਕਾਂ ਨਹੀਂ ਦਿੱਤਾ ਜਾਵੇਗਾ। ਕਾਂਊਸਲਿੰਗ ਵਿੱਚ ਨਾਮ ਆ ਜਾਣ ਅਤੇ ਹਾਜ਼ਰ ਹੋਣ ਨਾਲ ਕੋਈ ਵੀ ਉਮੀਦਵਾਰ ਸਬੰਧਤ ਅਸਾਮੀ ਤੇ ਨਿਯੁਕਤੀ ਦਾ ਅਧਿਕਾਰੀ ਨਹੀਂ ਬਣ ਜਾਂਦਾ
3. ਕਾਂਊਸਲਿੰਗ ਦੌਰਾਨ Covid-19 ਸਬੰਧੀ Annexure-A ਤੇ ਦਰਸਾਈਆਂ ਹਦਾਇਤਾਂ ਦੀ ਪਾਲਣਾ ਕਰਨ ਲਈ ਉਮੀਦਵਾਰ ਪਾਬੰਦ ਹੋਣਗੇ।
4. ਜਨਮ ਮਿਤੀ ਅਤੇ ਦਸਵੀ ਪੱਧਰ ਤੇ ਪੰਜਾਬੀ ਪਾਸ ਦੇ ਸਬੂਤ ਵਜੋਂ ਮੈਟਰਿਕ ਦਾ ਅਸਲ ਸਰਟੀਫਿਕੇਟ
5. ਵਿਦਿਅਕ ਯੋਗਤਾ ਦੇ ਅਸਲ ਸਰਟੀਫਿਕੇਟ ( ਡਿਟੇਲਡ ਮਾਰਕ ਕਾਰਡ ਅਤੇ ਡਿਗਰੀ)
6. ਸ਼ਨਾਖਤੀ ਸਬੂਤ ਵਜੋਂ ਪੈਨ ਕਾਰਡ / ਅਧਾਰ ਕਰਡ / ਪਾਸਪੋਰਟ / ਵੋਟਰ ਸ਼ਨਾਖਤੀ ਕਾਰਡ / ਡਰਾਇਵਿੰਗ ਲਾਇਸੰਸ ( ਕੋਈ ਇਕ )
7. ਰਾਖਵੀਆਂ ਸ਼੍ਰੇਣੀਆਂ ਦੇ ਉਮੀਦਵਾਰ ਪੰਜਾਬ ਦੇ ਨਿਵਾਸੀ ਹੋਣ ਦੇ ਸਬੂਤ ਵਜੋਂ ਤਾਜ਼ਾ ਜਾਰੀ ਕੀਤੇ (5 ਸਾਲ ਤੋਂ ਘੱਟ ਪੁਰਾਣਾ ) ਰਿਹਾਇਸ਼ੀ ਸਰਟੀਫਿਕੇਟ ;

Scanned by Scanner Go

(2)

8. ਪੱਛੜੀਆਂ ਸ੍ਰੇਣੀਆ ਨਾਲ ਸਬੰਧਤ ਉਮੀਦਵਾਰਾਂ ਵੱਲੋ ਭਲਾਈ ਵਿਭਾਗ ਦੀਆਂ ਜਾਰੀ ਹਦਾਇਤਾਂ ਅਨੁਸਾਰ ਕਰੀਮੀਲੇਅਰ ਲਈ ਆਮਦਨ ਆਦਿ ਸਬੰਧਤ ਵੇਰਵਿਆਂ ਦਾ ਜਿਕਰ ਕਰਦੇ ਹੋਏ ਕਾਉਂਸਲਿੰਗ ਦੌਰਾਨ ਪੇਸ਼ ਕਰਨਾ ਯਕੀਨੀ ਬਣਾਉਣਗੇ ।

9. ਉਮੀਦਵਾਰ ਆਪਣੀਆ 5 ਪਾਸਪੋਰਟ ਸਾਈਜ ਫੋਟੋਆ ਨਾਲ ਲੈ ਕੇ ਆਉਣਾ ਯਕੀਨੀ ਬਣਾਉਣਗੇ।

10. ਉਮੀਦਵਾਰ ਨੂੰ ਕੌਸਲਿੰਗ ਵਿੱਚ ਸ਼ਾਮਲ ਹੋਣ ਲਈ ਕੋਈ ਵੀ ਟੀ.ਏ/ਡੀ.ਏ ਨਹੀ ਦਿਤਾ ਜਾਵੇਗਾ ।

Narinder Pal Singh 27.10.21

ਡਾਇਰੈਕਟਰ, ਪਸ਼ੂ ਪਾਲਣ ਵਿਭਾਗ ਪੰਜਾਬ
ਸਾਹਿਬਜਾਦਾ ਅਜੀਤ ਸਿੰਘ ਨਗਰ 27/10

ਡੀ. 17843-ਮਿਤੀ 27/10/2021.

Scanned by Scanner Go

(1)

Annexure-A

ਕੋਵਿਡ -19

ਮਹਾਂਮਾਰੀ ਤੋਂ ਬਚਾਅ ਸਬੰਧੀ ਉਮੀਦਵਾਰਾਂ ਲਈ ਜਰੂਰੀ ਹਦਾਇਤਾਂ :

1 ) ਦੇਸ਼ ਭਰ ਵਿਚ ਕੋਵਿਡ -19 ਮਹਾਂਮਾਰੀ ਦੇ ਫੈਲਣ ਕਾਰਨ ਉਤਪੰਨ ਹੋਏ ਮੌਜੂਦਾ ਹਾਲਾਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਉਪਰ ਨੋਟਿਸ ਵਿਚ ਆਪਣੀ ਮੈਰਿਟ ਦੇ ਸਾਹਮਣੇ ਦਰਸਾਏ ਸਮੇਂ ਅਨੁਸਾਰ ਹੀ ਵਿਭਾਗ ਦੇ ਦਫਤਰ ਵਿਖੇ ਕਾਊਂਸਲਿੰਗ ਲਈ ਹਾਜਰ ਹੋਣਾ ਯਕੀਨੀ ਬਣਾਉਣ ਤਾਂ ਜੋ ਸਮਾਜਿਕ ਦੂਰੀ ( Social Distancing ) ਦੇ ਨਿਯਮਾਂ ਦੀ ਪਾਲਣਾ ਕੀਤੀ ਜਾ ਸਕੇ । ਇਸ ਮੰਤਵ ਲਈ ਉਮੀਦਵਾਰ ਨੂੰ ਉਨ੍ਹਾਂ ਦੀ ਮੈਰਿਟ ਸਾਹਮਣੇ ਦਰਸਾਏ ਸਮੇਂ ਤੋਂ ਸਿਰਫ ਅੱਧਾ - ਘੰਟਾ ( 30 ਮਿੰਟ ) ਪਹਿਲਾਂ ਹੀ ਵਿਭਾਗ ਦੇ ਦਫਤਰ ਅੰਦਰ ਆਉਣ ਦੀ ਆਗਿਆ ਦਿੱਤੀ ਜਾਏਗੀ ।

2 ) ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਜੇਕਰ ਸੰਭਵ ਹੋਵੇ ਤਾਂ ਕਾਊਂਸਲਿੰਗ ਲਈ ਸਿਰਫ ਇਕੱਲੇ ਹੀ ਆਉਣ ਦੀ ਕੋਸ਼ਿਸ਼ ਕਰਨ , ਭਾਵ ਕਿ ਆਪਣੇ ਨਾਲ ਪਰਿਵਾਰ ਦੇ ਕਿਸੇ ਮੈਂਬਰ / ਸਾਥੀ ਨੂੰ ਨਾਲ ਲੈ ਕੇ ਆਉਣ ਤੋਂ ਪਰਹੇਜ ਕਰਨ ਤਾਂ ਜੋ ਦਫਤਰ ਵਿੱਚ ਇਕੱਠ ਨਾ ਹੋ ਸਕੇ । ਵਣ ਕੰਪਲੈਕਸ ਵਿਚ ਸਥਿਤ ਵਿਭਾਗ ਦੇ ਦਫਤਰ ਵਿੱਚ ਸਿਰਫ ਉਮੀਦਵਾਰਾਂ ਨੂੰ ਹੀ ਅੰਦਰ ਆਉਣ ਦੀ ਆਗਿਆ ਦਿੱਤੀ ਜਾਏਗੀ ।

3 ) ਹਰ ਉਮੀਦਵਾਰ ਦੀ Entry ਸਮੇਂ Thermal Screening ਕੀਤੀ ਜਾਏਗੀ , ਜਿਸਦੀ ਪਾਲਣਾ ਕਰਨਾ ਹਰ ਉਮੀਦਵਾਰ ਲਈ ਲਾਜ਼ਮੀ ਹੈ ।

4 ) ਉਮੀਦਵਾਰ ਮਾਸਕ / ਰੁਮਾਲ / ਕੱਪੜਾ ਆਦਿ ਨਾਲ ਆਪਣਾ ਨੱਕ - ਮੂੰਹ ਢਕ ਕੇ ਹੀ ਕਾਊਂਸਲਿੰਗ ਲਈ ਆਉਣਗੇ।ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਨਾਲ Sanitizer ਲੈ ਕੇ ਆਉਣ ਤਾਂ ਜੋ ਵਿਭਾਗ ਦੇ ਦਫਤਰ ਪਹੁੰਚਣ ਦੌਰਾਨ Infection ਤੋਂ ਬਚਿਆ ਜਾ ਸਕੇ ।

5 ) ਉਮੀਦਵਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਨਜ਼ਦੀਕ Source fo Infaction ਨੂੰ identify ਕਰਨ ਦੇ ਮੰਤਵ ਲਈ ਆਪਣੇ ਮੋਬਾਇਲ ਫੋਨ ਵਿਚ Aarogya Setu APP ਅਤੇ COVA App ਜ਼ਰੂਰ install ਕਰਨ ਤਾਂ ਜੋ ਕੋਵਿਡ -19 infaction ਹੋਣ ਦੇ ਖਤਰੇ ਤੋਂ ਸੁਚੇਤ ਹੋਇਆ ਜਾ ਸਕੇ ਅਤੇ ਆਪਣੇ ਆਸ - ਪਾਸ ਸੁਰੱਖਿਅਤ ਵਾਤਾਵਰਣ ਸਿਰਜਿਆ ਜਾ ਸਕੇ ।

6 ) ਉਮੀਦਵਾਰ ਵਿਭਾਗ ਦੇ ਦਫਤਰ ਵਿਖੇ ਪਹੁੰਚ ਕਰਨ ਅਤੇ ਕਾਊਂਸਲਿੰਗ ਉਪਰੰਤ ਵਾਪਸ ਪਰਤਣ ਦੌਰਾਨ ਸਮਾਜਿਕ ਦੂਰੀ ( Social Distancing ) ਬਣਾਏ ਰੱਖਣਾ ਯਕੀਨੀ ਬਣਾਉਣਗੇ ।

7 ) ਕਾਊਂਸਲਿੰਗ ਲਈ ਵਿਭਾਗ ਦੇ ਦਫਤਰ ਵਿਖੇ ਤੈਅ ਸਮੇਂ ਤੇ ਪਹੁੰਚਣਾ ਅਤੇ ਵਾਪਸ ਪਰਤਣ ਦੀ ਜਿੰਮੇਵਾਰੀ ਉਮੀਦਵਾਰਾਂ ਦੀ ਖੁਦ ਦੀ ਹੀ ਹੋਵੇਗੀ । ਕੋਵਿਡ -19 ਮਹਾਂਮਾਰੀ ਦੇ ਸੰਕਟ ਕਾਰਨ ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੂਝਵਾਨ ਨਾਗਰਿਕ ਦੀ ਭੂਮਿਕਾ ਨਿਭਾਉਂਦੇ ਹੋਏ ਜਿੰਮੇਵਾਰੀ ਨਾਲ ਵਿਭਾਗ ਦੇ ਦਫਤਰ ਵਿਖੇ ਪਹੁੰਚਣ ਅਤੇ ਵਾਪਸ ਪਰਤਣ ਦੌਰਾਨ ਵੀ ਹਰ ਤਰਾਂ ਦੀ ਸਾਵਧਾਨੀ ਵਰਤਣ ।

8 ) ਇਸ ਤੋਂ ਬਿਨਾਂ ਉਮੀਦਵਾਰ ਸਰਕਾਰ ਵੱਲੋਂ ਕੋਵਿਡ -19 ਸਬੰਧੀ ਵੱਖ - ਵੱਖ ਸਮੇਂ ਤੇ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਣਾਉਣਗੇ । -

Annexure-A End

Scanned by Scanner Go